ਟੈਂਡਰ ਪ੍ਰੋਸੈਸਿੰਗ ਕਮੇਟੀ ਦੀ ਮੀਟਿੰਗ ਮਿਤੀ: 16-12-2024 ਦੀ ਕਾਰਵਾਈ।

ਕੰਮ ਦਾ ਨਾਮ:- **Balance Work of Upgradation of Mamoon Madhopur Road Km. 0.00 to 16.30=16.30Km. in District Pathankot (Under CRIF Scheme).**

**ਅਨੁਮਾਨਿਤ ਲਾਗਤ - 1396.51 ਲੱਖ ਰੁਪਏ**
**ਸਮਾਂ ਸੀਮਾ - 12 ਮਹੀਨਾ**
**ਬਿਆਨਾ ਰਕਮ- 27.93 ਲੱਖ ਰੁਪਏ**

ਵਿਸ਼ਾ ਅੰਕਿਤ ਕੰਮ ਦੀ ਡੀ.ਐਨ.ਆਈ.ਟੀ ਮੁੱਖ ਇੰਜੀਨੀਅਰ (ਹੈ.ਕੁ.), ਪੰਜਾਬ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਜੀ ਦੇ ਦਫਤਰ ਦਾ ਮੀਮੋ ਨੰ. 2905/ਸੀ.ਆਰ.ਆਈ.ਐਫ. ਮਿਤੀ. 12.11.2024 ਰਾਹੀਂ ਬਾਬਤ ਰਕਮ 1396.51 ਲੱਖ ਰੁਪਏ ਅਤੇ ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋ.ਨਿ.ਵਿ. ਭਤੇਮ ਸ਼ਾਖਾ, ਪਠਾਨਕੋਟ ਜੀ ਦੇ **ਪਿੱਠ ਅੰਕਣ ਨੰ. 7671 ਮਿਤੀ. 12.11.2024 ਰਾਹੀਂ** ਪ੍ਰਵਾਨ ਕੀਤੀ ਗਈ ਹੈ।

ਇਸ ਦੇ ਅਨੁਸਾਰ ਵਿਸ਼ਾ ਅੰਕਿਤ ਕੰਮ ਦਾ ਟੈਂਡਰ ਨੋਟਿਸ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋ.ਨਿ.ਵਿ. ਭਤੇਮ ਸਾਖ, ਪਠਾਨਕੋਟ ਦੇ ਨੋਟਿਸ ਨੰ. 17 ਮਿਤੀ. 13-11-2024 ਰਾਹੀ ਟੈਂਡਰਾਂ ਦੀ ਈ-ਟੈਡਰਿੰਗ ਰਾਹੀਂ ਮੰਗ ਕੀਤੀ ਗਈ ਸੀ, ਜਿਸ ਦੀ ਸਬਮਿਸ਼ਨ ਮਿਤੀ. 14-11-2024 ਤੋਂ 14-12-2024 ਨੂੰ 05.00 ਵਜੇ ਤੱਕ ਸੀ ਅਤੇ ਤਕਨੀਕੀ ਬਿੱਡ ਮਿਤੀ. 16-12-2024 ਨੂੰ 10.00 ਵਜੇ ਖੋਲਣੀ ਨਿਸ਼ਚਿਤ ਕੀਤੀ ਗਈ ਸੀ। ਇਸ ਟੈਂਡਰ ਨੋਟਿਸ ਦਾ ਪ੍ਰਕਾਸ਼ਨ ਵੱਖ-ਵੱਖ ਅਖਬਾਰਾਂ ਵਿੱਚ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋ.ਨਿ.ਵਿ. ਭਤੇਮ ਸਾਖਾ, ਪਠਾਨਕੋਟ ਵੱਲੋ ਕਰਵਾਇਆ ਗਿਆ ਸੀ।

ਮਿਤੀ. 16-12-2024 ਨੂੰ ਇਸ ਕੰਮ ਦੀਆਂ **ਸੱਤ** (7) ਨੰਬਰ ਤਕਨੀਕੀ ਬਿੱਡਾਂ ਪ੍ਰਾਪਤ ਹੋਈਆਂ ਹਨ। ਨਿਸ਼ਚਿਤ ਮਿਤੀ. 16-12-2024 ਨੂੰ ਬਿੱਡ ਓਪਨਰ ਨੰਬਰ ਇੱਕ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਤੇਮ ਸਾਖਾ, ਪਠਾਨਕੋਟ ਅਤੇ ਦੂਜੇ ਬਿੱਡ ਓਪਨਰ, ਸੁਪਰਡੈਂਟ ਮੰਡਲ ਦਫਤਰ, ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਤੇਮ ਸਾਖਾ, ਪਠਾਨਕੋਟ ਦੀ ਹਾਜਰੀ ਵਿੱਚ ਲੋਕ ਨਿਰਮਾਣ ਵਿਭਾਗ ਦੇ ਈ-ਪੋਰਟਲ ਤੋਂ ਤਕਨੀਕੀ ਬਿੱਡਾਂ ਨੂੰ ਡਾਊਨਲੋਡ ਕੀਤਾ ਗਿਆ। ਹੇਠਾਂ ਲਿਖੀਆਂ ਏਜੰਸੀਆਂ ਵੱਲੋ ਈ-ਟੈਂਡਰਿੰਗ ਰਾਂਹੀ ਇਸ ਕੰਮ ਦਾ ਟੈਂਡਰ ਭਰਿਆ ਗਿਆ ਹੈ ਅਤੇ ਇਹ ਬਿੱਡਰ ਹੇਠਾਂ ਲਿਖੇ ਅਨੁਸਾਰ ਹਨ:-

1) **M/s Eknoor Builders.**
2) **M/s J.R. Builders.**
3) **M/s V.S. Saini Contractor.**
4) **M/s J.K. Builders.**
5) **M/s Dhingra Brothers.**
6) **M/s R.K. Mahajan.**
7) **M/s M.S. Brothers.**

ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਪਠਾਨਕੋਟ ਵੱਲੋ ਟੈਂਡਰ ਦੀਆਂ ਬਿਡਾਂ ਦਾ ਤਕਨੀਕੀ ਵਿਸ਼ਲੇਸ਼ਣ ਕਰਨ ਲਈ ਟੈਂਡਰ ਪ੍ਰੋਸੈਸਿੰਗ ਦੀ ਮੀਟਿੰਗ ਮਿਤੀ 16-12-2024 ਨੂੰ 10.00 ਵਜੇ ਮੰਡਲ ਦਫਤਰ ਪਠਾਨਕੋਟ ਵਿਖੇ ਕੰਨਵੀਨ ਕੀਤੀ ਗਈ। ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਪਠਾਨਕੋਟ ਵੱਲੋ ਬਿੱਡਾਂ ਦਾ ਤਕਨੀਕੀ ਵਿਸ਼ਲੇਸ਼ਣ ਤਿਆਰ ਕਰਕੇ ਟੈਂਡਰ ਪ੍ਰੋਸੈਸਿੰਗ ਕਮੇਟੀ ਕੋਲ ਫਾਈਨਲ ਫੈਸਲਾ ਲੈਣ ਲਈ ਪੁੱਟ ਅਪ ਕੀਤਾ ਗਿਆ।

ਮੁੱਖ ਸਕੱਤਰ, ਵਿੱਤ ਪੰਜਾਬ ਸਰਕਾਰ, ਵਿੱਤ ਵਿਭਾਗ ਪੰਜਾਬ ਚੰਡੀਗੜ੍ਹ ਦੇ ਹੁੱਕਮ ਦੇ ਪਿੱਠ ਅੰਕਣ ਨੰ:ਟੀ.ਏ.(ਐਸ-1)2022/ਕੰਪਿ ਨੰ:336982/4220-25 ਮਿਤੀ:17-06-2022, ਜੋ ਕਿ ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ, ਭਤੇਮ ਸਾਖਾ, ਪਟਿਆਲਾ ਜੀ ਨੂੰ ਅਤੇ ਹੋਰਨਾਂ ਨੂੰ ਸੰਬੋਧਤ ਹੈ, ਰਾਂਹੀ ਹਰ ਤਰਾਂ ਦੇ ਸਕੀਮ ਦੇ ਕੰਮਾਂ ਦੇ ਟੈਂਡਰਾਂ ਨੂੰ ਈਵੈਲੂਏਟ ਕਰਨ ਲਈ ਹੇਠ ਲਿਖੇ ਅਨੁਸਾਰ ਟੈਂਡਰ ਪ੍ਰੋਸੈਸਿੰਗ ਕਮੇਟੀ ਦਾ ਗਠਣ ਕੀਤਾ ਗਿਆ ਹੈ।

1. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋ:ਨਿ:ਵਿ:ਭਤੇਮ ਸਾਖਾ, ਪਠਾਨਕੋਟ। (ਚੇਅਰਮੈਨ)
2. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋ:ਨਿ:ਵਿ:ਭਤੇਮ ਸਾਖਾ, ਅਮ੍ਰਿਤਸਰ। (ਮੈਂਬਰ-I)
3. ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋ:ਨਿ:ਵਿ:ਭਤੇਮ ਸਾਖਾ, ਪਠਾਨਕੋਟ। (ਕਨਵੀਨਰ-ਮੈਂਬਰ-II)
4. ਡਿਪਟੀ ਕੰਟਰੋਲਰ ਫਾਈਨੈਂਸ ਲੇਖਾ, ਅੰਦਰੂਨੀ ਪੜਤਾਲ ਸੰਸਥਾ (ਮਾਲ), ਗੁਰਦਾਸਪੁਰ। (ਮੈਂਬਰ-III)

ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋ:ਨਿ:ਵਿ: ਭਤੇਮ ਸਾਖਾ, ਪਠਾਨਕੋਟ ਵੱਲੋਂ ਟੈਂਡਰ ਪ੍ਰੋਸੈਸਿੰਗ ਕਮੇਟੀ ਨੂੰ ਦੱਸਿਆ ਗਿਆ ਕਿ ਟੈਂਡਰ ਲਗਾਉਣ ਤੋਂ ਪਹਿਲਾਂ ਡੀ.ਐਨ.ਆਈ.ਟੀ. ਅਨੁਸਾਰ ਸਾਰੀਆਂ ਸਰਤਾਂ ਪੂਰੀਆਂ ਕਰ ਦਿੱਤੀਆਂ ਗਈਆ ਸਨ। ਬਿੱਡਰਾਂ ਵਲੋਂ ਨੈਟ ਬੈਕਿੰਗ ਰਾਹੀ ਆਨ ਲਾਈਨ ਡਾਕੂਮੈਂਟ ਦੀ ਫੀਸ ਅਤੇ ਬਿਆਨਾ ਰਕਮ ਜਮਾਂ ਕਰਵਾ ਦਿੱਤੀ ਹੈ।

ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋ:ਨਿ:ਵਿ: ਭਤੇਮ ਸਾਖਾ, ਪਠਾਨਕੋਟ ਵਲੋ ਟੈਂਡਰ ਪ੍ਰੋਸੈਸਿੰਗ ਕਮੇਟੀ ਦੇ ਧਿਆਨ ਵਿਚ ਲਿਆਉਂਦਾ ਗਿਆ ਕਿ ਹੇਠਾਂ ਲਿਖੀਆਂ ਗਈਆਂ ਏਜੰਸੀਆਂ/ਸੋਸਾਇਟੀਆਂ ਦੇ ਦਸਤਾਵੇਜ ਘੱਟ ਹੋਣ ਕਾਰਨ ਉਹਨਾਂ ਕੋਲੋ ਹੇਠ ਲਿਖੇ ਪੱਤਰਾਂ ਮੁਤਾਬਿਕ ਦਸਤਾਵੇਜਾਂ ਦੀ ਮੰਗ ਕੀਤੀ ਗਈ ਸੀ:-

| ਲੜੀ ਨੰ. | ਏਜੰਸੀ ਦਾ ਨਾਮ | ਕਾਰਜਕਾਰੀ ਇੰਜੀਨੀਅਰ ਦਾ ਪੱਤਰ ਨੰ. ਅਤੇ ਮਿਤੀ |
|---|---|---|
| 1 | **M/s Eknoor Builders.** | ਪੱਤਰ ਨੰ: 3034 ਮਿਤੀ 18.12.2024 |
| 2 | **M/s J.R. Builders.** | ਪੱਤਰ ਨੰ: 3035 ਮਿਤੀ 18.12.2024 |
| 3 | **M/s M/s J.K. Builders.** | ਪੱਤਰ ਨੰ: 3033 ਮਿਤੀ 18.12.2024 |
| 4 | **M/s V.S. Saini Contractor.** | ਪੱਤਰ ਨੰ: 3032 ਮਿਤੀ 18.12.2024,<br>ਪੱਤਰ ਨੰ: 3059 ਮਿਤੀ 20.12.2024 |

ਏਜੰਸੀਆਂ ਵੱਲੋਂ ਪ੍ਰਾਪਤ ਹੋਏ ਦਸਤਾਵੇਜ/ਸਪਸਟੀਕਰਨ ਟੈਕਨੀਕਲ ਬਿੱਡਾਂ ਦੇ ਆਖਿਰ ਵਿੱਚ ਨੱਥੀ ਕਰ ਦਿੱਤੇ ਗਏ ਹਨ। ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਏਜੰਸੀਆਂ ਨੂੰ ਡੀ.ਐਨ.ਆਈ.ਟੀ ਦੀਆਂ ਸਰਤਾਂ ਮੁਤਾਬਿਕ ਬਿੱਡਰਾਂ ਦੀ ਤਕਨੀਕੀ ਬਿੱਡਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਤਕਨੀਕੀ ਬਿੱਡਾਂ ਘੋਖਣ ਉਪਰੰਤ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਹੇਠ ਲਿਖੇ ਬਿੱਡਰਾਂ ਨੂੰ ਤਕਨੀਕੀ ਵਿਸ਼ਲੇਸ਼ਣ ਵਿੱਚ ਰਿਸਪਾਂਸਿਵ/ਨਾਨ-ਰਿਸਪਾਂਨਸਿਵ ਪਾਇਆ ਗਿਆ:-

1. **M/s Eknoor Builders :-** ਡੀ.ਐਨ.ਆਈ.ਟੀ.ਦੀਆਂ ਸ਼ਰਤਾ ਮੁਤਾਬਿਕ ਇਸ ਏਜੰਸੀ ਦੀ ਤਕਨੀਕੀ ਬਿੱਡ ਦਰੁਸਤ ਪਾਈ ਗਈ। ਇਸ ਲਈ ਇਸ ਏਜੰਸੀ ਨੂੰ **ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ।

2. **M/s J.R Builders :-** ਡੀ.ਐਨ.ਆਈ.ਟੀ.ਦੀਆਂ ਸ਼ਰਤਾ ਮੁਤਾਬਿਕ ਇਸ ਏਜੰਸੀ ਦੀ ਤਕਨੀਕੀ ਬਿੱਡ ਦਰੁਸਤ ਪਾਈ ਗਈ। ਇਸ ਲਈ ਇਸ ਏਜੰਸੀ ਨੂੰ **ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ।

3. **M/s J.K Builders :-** ਡੀ.ਐਨ.ਆਈ.ਟੀ.ਦੀਆਂ ਸ਼ਰਤਾ ਮੁਤਾਬਿਕ ਇਸ ਏਜੰਸੀ ਦੀ ਤਕਨੀਕੀ ਬਿੱਡ ਦਰੁਸਤ ਪਾਈ ਗਈ। ਇਸ ਲਈ ਇਸ ਏਜੰਸੀ ਨੂੰ **ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ।

4. **M/s M.S Bros :-** ਡੀ.ਐਨ.ਆਈ.ਟੀ.ਦੀਆਂ ਸ਼ਰਤਾ ਮੁਤਾਬਿਕ ਇਸ ਏਜੰਸੀ ਦੀ ਤਕਨੀਕੀ ਬਿੱਡ ਦਰੁਸਤ ਪਾਈ ਗਈ। ਇਸ ਲਈ ਇਸ ਏਜੰਸੀ ਨੂੰ **ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ।

5. **M/s V.S Saini, Contractors :-** ਡੀ.ਐਨ.ਆਈ.ਟੀ. ਦੀ ਕਲਾਜ 4.5.5 ਅਨੁਸਾਰ ਏਜੰਸੀ ਵੱਲੋ Batch Type Hot Mix Plant ਦੀ ਮਾਲਕੀ ਦੇ ਸਬੂਤ ਵੱਜੋ Nirmal Build Infra Pvt. Ltd. ਕੋਲੇ ਪਲਾਂਟ ਖਰੀਦ ਦੀ ਇਨਵਾਇਸ ਬਾਬਤ ਰਕਮ 1,84,08,000/ ਲਗਾਈ ਗਈ ਸੀ ਉਸ ਨੂੰ Excise & Taxation Department ਪਾਸੋ ਤਸਦੀਕ ਕਰਵਾਉਣ ਉਪਰੰਤ ਪਤਾ ਚਲਿਆ ਹੈ ਕਿ ਇਹ ਇਨਵਾਇਸ Nirmal Build Infra Pvt. Ltd ਵੱਲੋ ਜਾਰੀ ਨਹੀਂ ਕੀਤੀ ਗਈ ਹੈ। ਇਸ ਲਈ ਇਸ ਏਜੰਸੀ ਨੂੰ **ਨਾਨ ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ। ਇਸ ਸਬੰਧੀ ਏਜੰਸੀ ਨੂੰ ਇਸ ਦਫਤਰ ਦੇ ਪੱਤਰ ਨੰ. 3095 ਮਿਤੀ 24/12/2024 ਰਾਂਹੀ ਸੂਚਿਤ ਕਰ ਦਿੱਤਾ ਗਿਆ ਹੈ।

6. **M/s Dhingra Brothers :-** ਡੀ.ਐਨ.ਆਈ.ਟੀ. ਦੀ ਕਲਾਜ 4.5.5 ਅਨੁਸਾਰ ਏਜੰਸੀ ਵੱਲੋ ਸਬੰਧਤ ਮਸ਼ੀਨਰੀ ਦੀ ਮਾਲਕੀ ਦੇ ਸਬੂਤ ਵੱਜੋ M/s Dhingra Brothers ਅਤੇ M/s JBCO Infratech Pvt.Ltd. M/s Rajinder Infrastructure Pvt. Ltd. ਵਿਚਕਾਰ ਮਸ਼ੀਨਰੀ ਸਬੰਧੀ ਲੀਜ ਐਗਰੀਮੈਂਟ ਲਗਾਇਆ ਗਿਆ ਹੈ। ਜਿਸ ਤੋ M/s Dhingra Brothers ਦੀ ਮਾਲਕੀ ਸਿੱਧ ਨਹੀਂ ਹੁੰਦੀ ਹੈ। ਇਸ ਲਈ ਇਸ ਏਜੰਸੀ ਨੂੰ **ਨਾਨ ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ। ਇਸ ਸਬੰਧੀ ਏਜੰਸੀ ਨੂੰ ਇਸ ਦਫਤਰ ਦੇ ਪੱਤਰ ਨੰ. 3096 ਮਿਤੀ 24/12/2024 ਰਾਂਹੀ ਸੂਚਿਤ ਕਰ ਦਿੱਤਾ ਗਿਆ ਹੈ।

7. **M/s R.K.Mahajan,Govt. Contractor:-** ਏਜੰਸੀ ਵੱਲੋ Batch Type Hot Mix Plant ਦੀ ਮਾਲਕੀ ਦੇ ਸਬੂਤ ਵੱਜੋ Everest Road Equipment Pvt. Ltd. ਵੱਲੋ M/s R.K.Mahajan,Govt. Contractor ਨੂੰ ਸਬੰਧੋਤ ਪੱਤਰ ਲਗਾਇਆ ਗਿਆ ਹੈ। ਜਿਸ ਵਿੱਚ 15,00,000/- Batch Type Hot Mix Plant ਦੀ ਖਰੀਦ ਦਾ ਬਿਆਨਾ ਦਰਸਾਇਆ ਗਿਆ ਹੈ। ਜਿਸ ਤੋ Batch Type Hot Mix Plant ਦੀ ਮਾਲਕੀ ਸਿੱਧ ਨਹੀਂ ਹੁੰਦੀ ਹੈ। ਇਸ ਲਈ ਇਸ ਏਜੰਸੀ ਨੂੰ **ਨਾਨ ਰਿਸਪਾਂਨਸਿਵ** ਘੋਸ਼ਿਤ ਕੀਤਾ ਜਾਂਦਾ ਹੈ। ਇਸ ਸਬੰਧੀ ਏਜੰਸੀ ਨੂੰ ਇਸ ਦਫਤਰ ਦੇ ਪੱਤਰ ਨੰ. 3097 ਮਿਤੀ 24/12/2024 ਰਾਂਹੀ ਸੂਚਿਤ ਕਰ ਦਿੱਤਾ ਗਿਆ ਹੈ।

ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋ:ਨਿ:ਵਿ: ਭਤੇਮ ਸਾਖਾ, ਪਠਾਨਕੋਟ ਨੂੰ ਹੇਠਾਂ ਲਿਖੇ ਬਿਡਰਾਂ ਦੀਆਂ ਵਿੱਤੀ ਬਿਡਾ ਮਿਤੀ. 07-01-2025 ਨੂੰ 11:00 ਵਜੇ ਨੂੰ ਖੋਲਣ ਦਾ ਅਧਿਕਾਰ ਦਿੱਤਾ ਜਾਂਦਾ ਹੈ :-

| ਲੜੀ ਨੰਬਰ | ਏਜੰਸੀ ਦਾ ਨਾਮ |
|---|---|
| 1 | **M/s Eknoor Builders.** |
| 2 | **M/s J.R. Builders.** |
| 3 | **M/s J.K. Builders.** |
| 4 | **M/s M.S. Brothers.** |

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ, ਲੋ:ਨਿ:ਵਿ:ਭਤੇਮ ਸਾਖਾ,
ਪਠਾਨਕੋਟ।
(ਚੇਅਰਮੈਨ)

ਨਿਗਰਾਨ ਇੰਜੀਨੀਅਰ,
ਉਸਾਰੀ ਹਲਕਾ, ਲੋ:ਨਿ:ਵਿ:ਭਤੇਮ ਸਾਖਾ,
ਅਮ੍ਰਿਤਸਰ।
(ਮੈਂਬਰ-I)

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ:ਭਤੇਮ,
ਪਠਾਨਕੋਟ।
(ਕਨਵੀਨਰ-ਮੈਂਬਰ-II)

ਡਿਪਟੀ ਕੰਟਰੋਲਰ ਫਾਈਨੈਂਸ ਲੇਖਾ,
ਅੰਦਰੂਨੀ ਪੜਤਾਲ ਸੰਸਥਾ (ਮਾਲ),
ਗੁਰਦਾਸਪੁਰ।
(ਮੈਂਬਰ-III)

Signature Not Verified
Digitally signed by Rajiv Kumar
Date: 2024.12.26 16:02:28 IST
Location: eProcure-EPROC